COVID-19 ਵੈਕਸੀਨ ਸੁਰੱਖਿਆ: ਕੀ ਪਤਾ ਹੋਣਾ ਚਾਹੀਦਾ ਹੈ

Vaccinate WA
CovidVaccineWA.org

ਵੈਕਸੀਨ ਸੁਰੱਖਿਅਤ ਹੈ

ਅਮਰੀਕਾ ਦੇ ਵਿੱਚ ਸਾਡੇ ਕੋਲ COVID-19 ਦੀਆਂ ਜਿਹੜੀਆਂ ਵੈਕਸੀਨਾਂ ਹਨ, ਉਹਨਾਂ ਨੂੰ ਅਮਰੀਕਾ ਦੇ ਇਤਿਹਾਸ[1] ਵਿੱਚ ਸਭ ਤੋਂ ਡੂੰਘੀ ਸੁਰੱਖਿਆ ਨਿਗਰਾਨੀ ਹੇਠ ਰੱਖਿਆ ਗਿਆ ਹੈ। ਉਹਨਾਂ ਨੂੰ ਹੋਰ ਸਫਲ ਵੈਕਸੀਨਾਂ ਲਈ ਵਰਤੀ ਗਈ ਸਖ਼ਤ ਪ੍ਰਕਿਰਿਆ ਦੀ ਵਰਤੋਂ ਕਰਕੇ ਹੀ ਵਿਕਸਤ ਕੀਤਾ, ਪਰਖਿਆ ਅਤੇ ਪਾਸ ਕੀਤਾ ਗਿਆ ਹੈ। ਸਾਰੀਆਂ ਵੈਕਸੀਨਾਂ, ਯੂ.ਐਸ. Food and Drug Administration (FDA, ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ) ਦੁਆਰਾ ਸੰਕਟਕਾਲੀਨ ਸਥਿਤੀ ਵਿੱਚ ਵਰਤਣ ਦੇ ਲਈ ਪੂਰੀ ਤਰ੍ਹਾਂ ਮਨਜ਼ੂਰਸ਼ੁਦਾ ਹਨ ਜਾਂ ਮਾਨਤਾ ਪ੍ਰਾਪਤ ਹਨ - ਜਿਸਦਾ ਮਤਲਬ ਇਹ ਹੈ ਕਿ FDA ਨੂੰ ਕੋਈ ਗੰਭੀਰ ਸੁਰੱਖਿਆ ਚਿੰਤਾਵਾਂ ਦੇਖਣ ਨੂੰ ਨਹੀਂ ਮਿਲੀਆਂ ਹਨ। ਸੁਤੰਤਰ ਮਾਹਰਾਂ ਨੇ ਵੀ ਅਧਿਐਨਾਂ ਦੀ ਸਮੀਖਿਆ ਕੀਤੀ ਅਤੇ ਉਹਨਾਂ ਨੂੰ ਵੀ ਚਿੰਤਾ ਵਾਲੀ ਕੋਈ ਗੱਲ ਦੇਖਣ ਨੂੰ ਨਹੀਂ ਮਿਲੀ ਹੈ। ਇਹਨਾਂ ਵੈਕਸੀਨਾਂ ਨੇ Western States Pact (ਵੈਸਟਰਨ ਸਟੇਟ ਪੈਕਟ) (ਸਿਰਫ ਅੰਗਰੇਜ਼ੀ) ਦੇ ਭਾਗ ਵਜੋਂ Scientific Safety Review Workgroup (ਵਿਗਿਆਨਕ ਸੁਰੱਖਿਆ ਸਮੀਖਿਆ ਵਰਕਗਰੁੱਪ) ਦੇ ਡਾਕਟਰੀ ਮਾਹਰਾਂ ਦੁਆਰਾ ਕੀਤੀ ਸੁਤੰਤਰ ਸਮੀਖਿਆ ਨੂੰ ਵੀ ਪਾਸ ਕੀਤਾ ਹੈ। ਹੋਰ ਜਾਣਕਾਰੀ ਲਈ ਸਾਡੇ ਅਕਸਰ ਪੁੱਛੇ ਜਾਣ ਵਾਲੇ ਸਵਾਲਾਂ ਨੂੰ ਦੇਖੋ।

ਸੁਰੱਖਿਆ ਅਤੇ ਪ੍ਰਭਾਵਸ਼ੀਲਤਾ ਲਈ ਵੈਕਸੀਨ ਦਾ ਇਸੇ ਤਰ੍ਹਾਂ ਨਿਰੀਖਣ ਜਾਰੀ ਰਹੇਗਾ ਕਿਉਂਕਿ ਇਨ੍ਹਾਂ ਦੀ ਪਬਲਿਕ ਦੁਆਰਾ ਵਰਤੋਂ ਕੀਤੀ ਜਾਂਦੀ ਹੈ। ਸੁਰੱਖਿਆ ਸੰਬੰਧੀ ਮੁੱਦਿਆਂ ਦਾ ਪਤਾ ਲਗਾਉਣ ਅਤੇ ਉਹਨਾਂ ਦਾ ਟਾਕਰਾ ਕਰਨ ਲਈ ਅਮਰੀਕਾ ਕੋਲ ਬਹੁਤ ਸਾਰੀਆਂ ਪ੍ਰਣਾਲੀਆਂ ਹਨ। ਇਹ ਯਕੀਨੀ ਬਣਾਉਣ ਲਈ ਕਿ COVID-19 ਦੀਆਂ ਵੈਕਸੀਨਾਂ ਸੁਰੱਖਿਅਤ ਹਨ, Centers for Disease Control and Prevention (CDC, ਰੋਗ ਨਿਯੰਤਰਣ ਅਤੇ ਰੋਕਥਾਮ ਕੇਂਦਰ) ਨੇ ਵੈਕਸੀਨ ਦੀ ਸੁਰੱਖਿਆ ਦੀ ਨਿਗਰਾਨੀ ਕਰਨ ਲਈ ਦੇਸ਼ ਦੀ ਸਮਰੱਥਾ ਦਾ ਵਿਸਤਾਰ ਕਰਕੇ ਉਸਨੂੰ ਮਜ਼ਬੂਤ ਬਣਾਇਆ ਹੈ। ਨਤੀਜੇ ਵਜੋਂ, ਵੈਕਸੀਨ ਦੀ ਸੁਰੱਖਿਆ ਵਿੱਚ ਲੱਗੇ ਮਾਹਰ ਉਹਨਾਂ ਸਮੱਸਿਆਵਾਂ ਦੀ ਨਿਗਰਾਨੀ ਕਰ ਸਕਦੇ ਹਨ ਅਤੇ ਉਹਨਾਂ ਦਾ ਪਤਾ ਲਗਾ ਸਕਦੇ ਹਨ ਜੋ ਸ਼ਾਇਦ ਕਿਸੇ COVID-19 ਵੈਕਸੀਨ ਦੇ ਕਲੀਨਿਕਲ ਟਰਾਇਲਾਂ ਦੌਰਾਨ ਸਾਹਮਣੇ ਨਹੀਂ ਆਈਆਂ ਸਨ।

ਵੈਕਸੀਨ ਬੱਚਿਆਂ, ਗਰਭਵਤੀ ਔਰਤਾਂ ਅਤੇ ਪਹਿਲਾਂ ਤੋਂ ਬਿਮਾਰੀਆਂ ਨਾਲ ਪੀੜਤ ਲੋਕਾਂ ਲਈ ਵੀ ਸੁਰੱਖਿਅਤ ਅਤੇ ਕਾਰਗਰ ਹੈ। ਜਿਵੇਂ ਹੀ ਹੋਰ ਲੋਕ ਵੈਕਸੀਨ ਲਗਵਾਉਂਦੇ ਜਾਣਗੇ, ਅਸੀਂ ਸੁਰੱਖਿਆ ਅਤੇ ਬੁਰੇ ਪ੍ਰਭਾਵਾਂ ਸੰਬੰਧੀ ਹੋਰ ਡੇਟਾ ਇਕੱਤਰ ਕਰਦੇ ਜਾਵਾਂਗੇ। ਡੇਟਾ ਦਰਸਾਉਂਦਾ ਹੈ ਕਿ COVID-19 ਦੀਆਂ ਵੈਕਸੀਨਾਂ ਸੁਰੱਖਿਅਤ ਹਨ ਅਤੇ ਇਨ੍ਹਾਂ ਦੇ ਗੰਭੀਰ ਬੁਰੇ ਪ੍ਰਭਾਵ ਬਹੁਤ ਘੱਟ ਹਨ।

ਵੈਕਸੀਨਾਂ ਕੰਮ ਕਰਦੀਆਂ ਹਨ

COVID-19 ਦੀਆਂ ਵੈਕਸੀਨਾਂ ਤੁਹਾਨੂੰ ਕਈ ਤਰੀਕਿਆਂ ਨਾਲ ਬਚਾ ਸਕਦੀਆਂ ਹਨ। ਇਹ COVID-19 ਤੋਂ ਬਚਾਉਣ ਲਈ ਬਹੁਤ ਹੀ ਪ੍ਰਭਾਵਸ਼ਾਲੀ ਹਨ। ਜੇ ਤੁਹਾਨੂੰ COVID-19 ਹੋ ਜਾਂਦਾ ਹੈ, ਤਾਂ ਵੈਕਸੀਨ ਤੁਹਾਡੇ ਗੰਭੀਰ ਰੂਪ ਵਿੱਚ ਬਿਮਾਰ ਹੋਣ ਦੀ ਸੰਭਾਵਨਾ ਨੂੰ ਬਹੁਤ ਘੱਟ ਕਰ ਸਕਦੀ ਹੈ; ਵੈਕਸੀਨ ਦੀਆਂ ਪੂਰੀਆਂ ਖੁਰਾਕਾਂ ਪ੍ਰਾਪਤ ਕਰਨ ਨਾਲ ਹਸਪਤਾਲ ਵਿੱਚ ਭਰਤੀ ਹੋਣ ਦੀ ਸੰਭਾਵਨਾ ਘੱਟ ਜਾਂਦੀ ਹੈ ਅਤੇ COVID-19 ਦੇ ਕਾਰਨ ਮੌਤ ਹੋਣ ਦਾ ਖਤਰਾ ਵੀ ਘੱਟ ਜਾਂਦਾ ਹੈ। ਤੁਸੀਂ ਅਜਿਹੀ ਜਾਣਕਾਰੀ ਦੇਖੀ ਹੋਵੇਗੀ, ਜੋ ਇਹ ਦਰਸ਼ਾਉਂਦੀ ਹੈ ਕਿ ਕੁਝ ਵੈਕਸੀਨਾਂ, ਦੂਜੀਆਂ ਨਾਲੋਂ ਬਿਹਤਰ ਹਨ, ਹਾਲਾਂਕਿ ਕਲੀਨਿਕਲ ਟਰਾਇਲਾਂ ਨੇ ਦਿਖਾਇਆ ਹੈ ਕਿ ਸਾਰੀਆਂ ਉਪਲਬਧ ਵੈਕਸੀਨਾਂ COVID-19 ਨੂੰ ਰੋਕਣ ਵਿੱਚ ਬਹੁਤ ਪ੍ਰਭਾਵਸ਼ਾਲੀ ਹਨ। ਵੱਖ-ਵੱਖ COVID-19 ਵੈਕਸੀਨਾਂ ਦੇ ਕਲੀਨਿਕਲ ਟਰਾਇਲਾਂ ਬਾਰੇ ਹੋਰ ਜਾਣਕਾਰੀ ਲਈ, COVID-19 Vaccine Safety and Effectiveness (COVID-19 ਵੈਕਸੀਨ ਸੁਰੱਖਿਆ ਅਤੇ ਪ੍ਰਭਾਵਸ਼ੀਲਤਾ) | Washington State Department of Health (ਵਾਸ਼ਿੰਗਟਨ ਸਟੇਟ ਡਿਪਾਰਟਮੈਂਟ ਆਫ ਹੈਲਥ) ਪੇਜ 'ਤੇ ਜਾਓ।

ਅਧਿਐਨਾਂ ਤੋਂ ਪਤਾ ਲੱਗਿਆ ਹੈ ਕਿ COVID-19 ਦੀ ਗੰਭੀਰ ਬਿਮਾਰੀ ਤੋਂ ਬਚਾਉਣ ਵਿੱਚ ਹਰੇਕ ਵੈਕਸੀਨ ਘੱਟ ਤੋਂ ਘੱਟ 85 ਪ੍ਰਤੀਸ਼ਤ ਅਸਰਦਾਰ ਸਾਬਤ ਹੋਈ ਹੈ। ਵੈਕਸੀਨ ਨੇ ਬਹੁਤ ਸਾਰੇ ਲੋਕਾਂ ਨੂੰ COVID -19 ਦੇ ਲੱਛਣ ਹੋਣ ਤੋਂ ਵੀ ਬਚਾਇਆ ਹੈ:

- Moderna, 94%
- Pfizer-BioNTech, 95%
- Johnson & Johnson (Janssen), 74%
- Novavax, 90.4%

[1] Centers for Disease Control and Prevention, "Safety of COVID-19 Vaccines (COVID-19 ਵੈਕਸੀਨਾਂ ਦੀ ਸੁਰੱਖਿਆ)"। 25 ਮਾਰਚ, 2021, ਇਸ ਲਿੰਕ 'ਤੇ ਔਨਲਾਈਨ ਉਪਲਬਧ: https://www.cdc.gov/coronavirus/2019-ncov/vaccines/safety/safety-of-vaccines.html.

ਮਾੜੇ ਅਸਰ ਹੋਣਾ ਆਮ ਗੱਲ ਹੈ

ਤੁਹਾਨੂੰ ਵੈਕਸੀਨ ਲਗਵਾਉਣ ਨਾਲ COVID-19 ਨਹੀਂ ਹੋ ਸਕਦਾ। ਪਰ, ਹੋਰ ਵੈਕਸੀਨ ਦੀ ਤਰ੍ਹਾਂ ਹੀ ਤੁਹਾਨੂੰ ਕੁਝ ਅਣਚਾਹੇ ਅਸਰ ਮਹਿਸੂਸ ਹੋ ਸਕਦੇ ਹਨ ਜੋ ਇੱਕ ਵਿਅਕਤੀ ਤੋਂ ਦੂਜੇ ਵਿੱਚ ਭਿੰਨ-ਭਿੰਨ ਹੁੰਦੇ ਹਨ। ਕੁਝ ਲੋਕਾਂ ਨੂੰ ਬਹੁਤ ਥੋੜ੍ਹੀ ਬੇਆਰਾਮੀ ਮਹਿਸੂਸ ਹੁੰਦੀ ਹੈ ਅਤੇ ਕੁਝ ਨੂੰ ਬਿਲਕੁਲ ਵੀ ਨਹੀਂ, ਜਦਕਿ ਕੁਝ ਲੋਕਾਂ ਨੂੰ ਅਜਿਹੇ ਅਣਚਾਹੇ ਅਸਰ ਵੀ ਮਹਿਸੂਸ ਹੋ ਸਕਦੇ ਹਨ ਜੋ ਉਹਨਾਂ ਦੀਆਂ ਰੋਜ਼ਮੱਰਾ ਦੀਆਂ ਗਤੀਵਿਧੀਆਂ ਨੂੰ ਸੀਮਤ ਕਰ ਸਕਦੇ ਹਨ। ਅਣਚਾਹੇ ਅਸਰ ਇਹ ਸੰਕੇਤ ਹਨ ਕਿ ਵੈਕਸੀਨ ਕੰਮ ਕਰ ਰਹੀ ਹੈ। ਦੋ-ਖੁਰਾਕ ਵਾਲੀ ਵੈਕਸੀਨ ਦੇ ਮਾਮਲੇ ਵਿੱਚ, ਦੂਜੀ ਖੁਰਾਕ ਤੋਂ ਬਾਅਦ ਅਣਚਾਹੇ ਅਸਰ ਬਦਤਰ ਹੋ ਸਕਦੇ ਹਨ। ਜੇਕਰ ਸੰਭਵ ਹੋਵੇ, ਤਾਂ ਖੁਰਾਕ ਲੈਣ ਤੋਂ ਬਾਅਦ ਅਗਲੇ ਇਕ ਜਾਂ ਦੋ ਦਿਨ ਆਪਣੇ ਆਪ ਨੂੰ ਅਰਾਮ ਅਤੇ ਰਿਕਵਰ ਹੋਣ ਦਾ ਸਮਾਂ ਦਿਓ। ਅਣਚਾਹੇ ਅਸਰ ਆਮ ਤੌਰ 'ਤੇ ਕੁਝ ਕੁ ਦਿਨਾਂ ਬਾਅਦ ਚਲੇ ਜਾਂਦੇ ਹਨ। ਭਾਵੇਂ ਤੁਹਾਨੂੰ ਅਣਚਾਹੇ ਅਸਰ ਦਾ ਅਨੁਭਵ ਨਹੀਂ ਹੁੰਦਾ ਹੈ, ਤੁਹਾਡਾ ਸਰੀਰ COVID-19 ਵਾਇਰਸ ਦੇ ਵਿਰੁੱਧ ਸੁਰੱਖਿਆ ਦਾ ਨਿਰਮਾਣ ਕਰ ਰਿਹਾ ਹੈ। ਜਿਹੜੀਆਂ COVID-19 ਵੈਕਸੀਨਾਂ ਲਈ ਦੋ-ਖੁਰਾਕਾਂ ਦੀ ਲੋੜ ਹੁੰਦੀ ਹੈ, ਉਹਨਾਂ ਦੀ ਦੂਜੀ ਖੁਰਾਕ ਪ੍ਰਾਪਤ ਕਰਨਾ ਨਾ ਭੁੱਲੋ। ਦੂਜੀ ਖੁਰਾਕ ਪ੍ਰਾਪਤ ਹੋਣ ਤੋਂ ਦੋ ਹਫ਼ਤਿਆਂ ਬਾਅਦ ਹੀ ਤੁਸੀਂ ਪੂਰੀ ਤਰ੍ਹਾਂ ਸੁਰੱਖਿਆ ਹਾਸਲ ਕਰ ਸਕੋਗੇ।

ਉਮਰ ਦੇ ਅਨੁਸਾਰ ਆਮ ਅਣਚਾਹੇ ਅਸਰ

6 ਮਹੀਨੇ - 3 ਸਾਲ	4-17 ਸਾਲ	18 ਸਾਲ ਜਾਂ ਵੱਧ ਉਮਰ ਦੇ ਬਾਲਗ
ਆਮ ਅਣਚਾਹੇ ਅਸਰ ਵਿੱਚ ਇਹ ਸ਼ਾਮਲ ਹੋ ਸਕਦੇ ਹਨ:	ਦੂਜੀ ਖੁਰਾਕ ਤੋਂ ਬਾਅਦ ਜ਼ਿਆਦਾ ਆਮ ਅਣਚਾਹੇ ਅਸਰ:	ਆਮ ਅਣਚਾਹੇ ਅਸਰ ਵਿੱਚ ਇਹ ਸ਼ਾਮਲ ਹੋ ਸਕਦੇ ਹਨ:
ਲੱਤ ਜਾਂ ਬਾਂਹ 'ਤੇ ਜਿਸ ਸਥਾਨ ਟੀਕਾ ਲੱਗਿਆ ਹੈ ਉੱਥੇ ਦਰਦ ਹੋਣਾ	ਟੀਕੇ ਵਾਲੇ ਸਥਾਨ 'ਤੇ ਦਰਦ, ਸੋਜਸ਼, ਅਤੇ ਲਾਲੀ	ਟੀਕੇ ਵਾਲੇ ਸਥਾਨ 'ਤੇ ਦਰਦ, ਸੋਜਸ਼, ਅਤੇ ਲਾਲੀ
ਲਿੰਫ ਨੋਡਸ ਵਿੱਚ ਸੋਜਸ਼	ਥਕਾਵਟ	ਥਕਾਵਟ
ਚਿੜਚਿੜਾਪਣ ਜਾਂ ਰੋਣਾ	ਸਿਰ ਦਰਦ	ਸਿਰ ਦਰਦ
ਨੀਂਦ ਆਉਣੀ	ਮਾਸਪੇਸ਼ੀਆਂ ਜਾਂ ਜੋੜਾਂ ਵਿੱਚ ਦਰਦ	ਮਾਸਪੇਸ਼ੀਆਂ ਵਿੱਚ ਦਰਦ
ਭੁੱਖ ਨਾ ਲੱਗਣਾ	ਠੰਢ ਲੱਗਣਾ	ਠੰਡ ਲੱਗਣਾ ਅਤੇ/ਜਾਂ ਬੁਖਾਰ
	ਲਿੰਫ ਨੋਡਸ ਵਿੱਚ ਸੋਜਸ਼	ਜੀਅ ਕੱਚਾ ਹੋਣਾ

ਐਲਰਜਿਕ ਰਿਐਕਸ਼ਨ ਦੇ ਸੰਕੇਤ

ਵੈਕਸੀਨ ਕਾਰਨ ਐਲਰਜਿਕ ਰਿਐਕਸ਼ਨ ਬਹੁਤ ਘੱਟ ਹੁੰਦਾ ਹੈ, ਪਰ ਅਜਿਹਾ ਹੋ ਸਕਦਾ ਹੈ। ਕਲੀਨਿਕ ਵੈਕਸੀਨ ਲਗਾਉਣ ਤੋਂ ਬਾਅਦ ਘੱਟੋ-ਘੱਟ 15 ਮਿੰਟ ਤੱਕ ਤੁਹਾਡੀ ਨਿਗਰਾਨੀ ਕਰੇਗਾ ਤਾਂ ਜੋ ਕਿਸੇ ਤਰ੍ਹਾਂ ਦੇ ਐਲਰਜਿਕ ਰਿਐਕਸ਼ਨ ਦਾ ਪਤਾ ਲੱਗ ਸਕੇ। ਕਲੀਨਿਕ ਵਿੱਚ ਮੌਜੂਦ ਡਾਕਟਰ ਸਿਖਲਾਈ ਪ੍ਰਾਪਤ ਹਨ ਅਤੇ ਜਾਣਦੇ ਹਨ ਕਿ ਤੁਹਾਡੀ ਸਹਾਇਤਾ ਕਿਵੇਂ ਕਰਨੀ ਹੈ।

ਜੇਕਰ ਕਲੀਨਿਕ ਤੋਂ ਜਾਣ ਤੋਂ ਬਾਅਦ ਤੁਹਾਨੂੰ ਐਲਰਜਿਕ ਰਿਐਕਸ਼ਨ ਹੁੰਦਾ ਹੈ, ਤਾਂ 911 'ਤੇ ਕਾਲ ਕਰੋ। ਐਲਰਜਿਕ ਰਿਐਕਸ਼ਨ ਵਿੱਚ ਇਹ ਸੰਕੇਤ ਸ਼ਾਮਲ ਹਨ: ਸਾਹ ਲੈਣ ਵਿੱਚ ਦਿੱਕਤ, ਤੁਹਾਡੇ ਚਿਹਰੇ ਅਤੇ ਗਲੇ ਵਿੱਚ ਸੋਜ਼ਸ਼, ਦਿਲ ਦੀ ਧੜਕਣ ਦਾ ਤੇਜ਼ ਹੋਣਾ, ਤੁਹਾਡੇ ਸਾਰੇ ਸਰੀਰ 'ਤੇ ਧੱਫੜ, ਚੱਕਰ ਆਉਣਾ ਅਤੇ ਕਮਜ਼ੋਰੀ।

ਕਿਸੇ ਵੀ ਸੁਰੱਖਿਆ ਚਿੰਤਾਵਾਂ ਦਾ ਪਤਾ ਲਗਾਉਣ ਵਿੱਚ ਸਾਡੀ ਮਦਦ ਕਰੋ

ਕਿਸੇ ਵੀ ਅਣਚਾਹੇ ਅਸਰਾਂ ਬਾਰੇ ਦੱਸਣ ਲਈ V-safe ਲਈ ਸਾਈਨ ਅੱਪ ਕਰੋ: vsafe.cdc.gov। ਤੁਹਾਡੀ ਭਾਗੀਦਾਰੀ ਹਰੇਕ ਵਿਅਕਤੀ ਲਈ ਵੈਕਸੀਨ ਨੂੰ ਸੁਰੱਖਿਅਤ ਬਣਾਉਣ ਵਿੱਚ ਸਾਡੀ ਮਦਦ ਕਰਦੀ ਹੈ।

ਤੁਸੀਂ ਜਾਂ ਤੁਹਾਡਾ ਵੈਕਸੀਨ ਪ੍ਰਦਾਤਾ, ਗੰਭੀਰ ਮਾੜੇ ਅਸਰਾਂ ਬਾਰੇ Vaccine Adverse Event Reporting System (VAERS, ਵੈਕਸੀਨ ਅਡਵਰਸ ਇਵੈਂਟ ਰਿਪੋਰਟਿੰਗ ਸਿਸਟਮ) 'ਤੇ ਵੀ ਦੱਸ ਸਕਦੇ ਹੋ। FDA, Centers for Disease Control and Prevention (CDC) ਅਤੇ Washington State Department of Health (DOH, ਵਾਸ਼ਿੰਗਟਨ ਰਾਜ ਸਿਹਤ ਵਿਭਾਗ) ਰੁਝਾਨ ਜਾਂ ਸੰਭਾਵਿਤ ਸਮੱਸਿਆਵਾਂ ਦਾ ਪਤਾ ਲਗਾਉਣ ਲਈ, VAERS ਦੀ ਵਰਤੋਂ ਕਰਦੇ ਹਨ।

ਤੁਸੀਂ vaers.hhs.gov 'ਤੇ ਵੀ ਰਿਪੋਰਟ ਸਬਮਿਟ ਕਰਵਾ ਸਕਦੇ ਹੋ। ਇਹ ਜਾਣਨ ਲਈ ਕਿ VAERS ਅਤੇ ਹੋਰ ਸੁਰੱਖਿਆ ਨਿਗਰਾਨੀ ਪ੍ਰਣਾਲੀਆਂ ਕਿਵੇਂ ਕੰਮ ਕਰਦੀਆਂ ਹਨ, ਇੱਥੇ ਜਾਓ: www.doh.wa.gov/immunization/vaccinesafety

ਕਈ ਨਸਲਾਂ ਅਤੇ ਜਾਤੀਆਂ ਦੇ ਲੋਕਾਂ ਨੇ ਇਨ੍ਹਾਂ ਟਰਾਇਲਾਂ ਵਿੱਚ ਭਾਗ ਲਿਆ ਸੀ

ਵਿਗਿਆਨਕਾਂ ਨੇ ਹਜ਼ਾਰਾਂ ਲੋਕਾਂ 'ਤੇ ਹਰੇਕ ਵੈਕਸੀਨ ਦਾ ਟੈਸਟ ਕੀਤਾ ਹੈ।

Moderna ਵੈਕਸੀਨ ਟਰਾਇਲ (ਅਮਰੀਕਾ) [2] ਵਿੱਚ ਭਾਗੀਦਾਰ ਸਨ:



Pfizer-BioNTech ਵੈਕਸੀਨ ਟਰਾਇਲ (ਅਮਰੀਕਾ) [3] ਵਿੱਚ ਭਾਗੀਦਾਰ ਸਨ:



Johnson & Johnson ਵੈਕਸੀਨ ਟਰਾਇਲ (ਵਿਸ਼ਵ-ਵਿਆਪੀ)[4] ਵਿੱਚ ਭਾਗੀਦਾਰ ਸਨ:



Novavax ਵੈਕਸੀਨ ਟਰਾਇਲ (ਅਮਰੀਕਾ) [5] ਵਿੱਚ ਭਾਗੀਦਾਰ ਸਨ:



[2] Food and Drug Administration. "FDA Briefing Document: Moderna COVID-19 Vaccine", Vaccines and Related Biological Products Advisory Committee (ਵੈਕਸੀਨ ਅਤੇ ਸੰਬੰਧਿਤ ਜੈਵਿਕ ਉਤਪਾਦ ਸਲਾਹਕਾਰ ਕਮੇਟੀ ਮੀਟਿੰਗ) ਮੀਟਿੰਗ। 17 ਦਸੰਬਰ, 2020, ਇਸ ਲਿੰਕ 'ਤੇ ਔਨਲਾਈਨ ਉਪਲਬਧ: https://www.fda.gov/media/144434/download.

[3] Food and Drug Administration. "FDA Briefing Document: Pfizer-BioNTech COVID-19 Vaccine", Vaccines and Related Biological Products Advisory Committee ਮੀਟਿੰਗ। 10 ਦਸੰਬਰ, 2020, ਇਸ ਲਿੰਕ 'ਤੇ ਔਨਲਾਈਨ ਉਪਲਬਧ: https://www.fda.gov/media/144245/download.

[4] Food and Drug Administration. "FDA Briefing Document: Janssen Ad26.COV2.S Vaccine for the Prevention of COVID-19", Vaccines and Related Biological Products Advisory Committee ਮੀਟਿੰਗ। 26 ਫਰਵਰੀ, 2021, ਇਸ ਲਿੰਕ 'ਤੇ ਔਨਲਾਈਨ ਉਪਲਬਧ: https://www.fda.gov/media/146217/download.

[5] Food and Drug Administration. "FDA Briefing Document: Novavax COVID-19 Vaccine", Vaccines and Related Biological Products Advisory Committee ਮੀਟਿੰਗ। 7 ਜੂਨ, 2022, ਇਸ ਲਿੰਕ 'ਤੇ ਔਨਲਾਈਨ ਉਪਲਬਧ: https://www.fda.gov/media/158912/download.

✦ AIAN/NHOPI, ਅਮਰੀਕਨ ਇੰਡੀਅਨ, ਅਲਾਸਕਾ ਨੇਟਿਵ ਅਤੇ ਨੇਟਿਵ ਹਵਾਈਅਨ, ਹੋਰ ਪੈਸੀਫਿਕ ਆਈਲੈਂਡਰਜ਼ ਟਰਾਇਲ ਦੇ ਭਾਗੀਦਾਰਾਂ ਲਈ ਸੰਯੁਕਤ ਡੇਟਾ ਦਰਸਾਉਂਦਾ ਹੈ।

ਜੇਕਰ ਤੁਹਾਨੂੰ ਵੈਕਸੀਨ ਪ੍ਰਾਪਤ ਕਰਨ ਬਾਰੇ ਕੋਈ ਚਿੰਤਾਵਾਂ ਹਨ ਤਾਂ ਆਪਣੇ ਭਰੋਸੇਮੰਦ ਸਿਹਤ ਦੇਖਭਾਲ ਪ੍ਰਦਾਤਾ ਜਾਂ ਕਲੀਨਿਕ ਕਰਮਚਾਰੀ ਨਾਲ ਗੱਲਬਾਤ ਕਰੋ

ਐਲਰਜੀਆਂ

- CDC ਅਜਿਹੇ ਹਰ ਇੱਕ ਵਿਅਕਤੀ ਲਈ ਵੈਕਸੀਨ ਦੀ ਸਿਫਾਰਿਸ਼ ਕਰਦਾ ਹੈ ਜਿਸ ਨੂੰ ਵੈਕਸੀਨ ਵਿੱਚ ਮੋਜੂਦ ਕਿਸੇ ਵੀ ਤੱਤ ਤੋਂ ਕੋਈ ਐਲਰਜੀ ਨਹੀਂ ਹੈ। ਵੈਕਸੀਨ ਵਿੱਚ ਉਹ ਆਮ ਐਲਰਜੀ ਤੱਤ ਨਹੀਂ ਹਨ ਜੋ ਭੋਜਨ ਵਿੱਚ ਪਾਏ ਜਾਂਦੇ ਹਨ, ਇਸ ਲਈ COVID-19 ਵੈਕਸੀਨ ਲਗਵਾਉਂਦੇ ਸਮੇਂ ਹੋਰ ਐਲਰਜੀਆਂ ਚਿੰਤਾ ਦਾ ਵਿਸ਼ਾ ਨਹੀਂ ਹੋਣੀਆਂ ਚਾਹੀਦੀਆਂ।
- COVID-19 ਵੈਕਸੀਨ ਤੋਂ ਹੋਣ ਵਾਲੇ ਐਲਰਜਿਕ ਰਿਐਕਸ਼ਨ ਅਕਸਰ ਇਸ ਵੈਕਸੀਨ ਵਿੱਚ ਮੋਜੂਦ ਫੈਟ ਕਾਰਨ ਹੁੰਦੇ ਹਨ, ਜਿਸ ਨੂੰ ਪੋਲੀਇਥਾਇਲੀਨ ਗਲਾਇਕੋਲ (PEG) ਅਤੇ ਪੋਲੀਸੋਰਬੇਟ ਕਿਹਾ ਜਾਂਦਾ ਹੈ।
- ਹੋਰ ਵੈਕਸੀਨਾਂ ਦੀ ਤਰ੍ਹਾਂ, ਵੈਕਸੀਨ ਵਿੱਚ ਫੈਟ, ਸਾਲਟ, ਅਤੇ ਸ਼ੂਗਰ ਹੁੰਦੀ ਹੈ, ਜਿਸ ਨਾਲ ਵੈਕਸੀਨਾਂ ਨੂੰ ਸਰੀਰ ਵਿੱਚ ਬਿਹਤਰ ਤਰੀਕੇ ਨਾਲ ਕੰਮ ਕਰਨ ਵਿੱਚ ਮਦਦ ਮਿਲਦੀ ਹੈ। ਵੈਕਸੀਨ ਵਿਚਲੇ ਸਾਰੇ ਤੱਤ ਸੁਰੱਖਿਅਤ ਹਨ ਅਤੇ ਵੈਕਸੀਨ ਆਪਣਾ ਕੰਮ ਸਹੀ ਤਰੀਕੇ ਨਾਲ ਕਰਨ, ਇਸ ਲਈ ਲੋੜੀਂਦੇ ਹੁੰਦੇ ਹਨ।
- ਵੈਕਸੀਨਾਂ, ਆਂਡਾ-ਮੁਕਤ, ਲੇਟੈਕਸ-ਮੁਕਤ, ਅਤੇ ਪ੍ਰੀਜ਼ਰਵੇਟਿਵ-ਮੁਕਤ ਹਨ। ਵੈਕਸੀਨਾਂ ਨੂੰ ਆਂਡਿਆਂ ਵਿੱਚ ਨਹੀਂ ਉਗਾਇਆ ਜਾਂਦਾ।

ਆਚਾਰ-ਵਿਹਾਰ

COVID-19 ਵੈਕਸੀਨ ਦੀ ਸਮੱਗਰੀ ਸੁਰੱਖਿਅਤ ਹੈ ਅਤੇ ਆਪਣਾ ਕੰਮ ਕਰਨ ਲਈ ਵੈਕਸੀਨ ਲਈ ਜ਼ਰੂਰੀ ਹੈ। Johnson & Johnson ਵੈਕਸੀਨ ਦਾ ਇੱਕ ਪੀਸ ਪ੍ਰਯੋਗਸ਼ਾਲਾ ਵਿੱਚ ਨਿਰਮਿਤ ਕੋਸ਼ਿਕਾਵਾਂ ਦੀਆਂ ਕਾਪੀਆਂ ਦੇ ਅੰਦਰ ਬਣਿਆ ਹੈ ਜੋ ਮੂਲ ਰੂਪ ਵਿੱਚ ਇੱਛਤ ਗਰਭਪਾਤ ਤੋਂ ਆਈਆਂ ਹਨ ਜੋ 35 ਸਾਲ ਪਹਿਲਾਂ ਹੋਏ ਸਨ। ਚੇਚਕ, ਰੁਬੇਲਾ, ਅਤੇ ਹੈਪੇਟਾਈਟਿਸ A ਸਮੇਤ ਹੋਰ ਕਈ ਵੈਕਸੀਨਾਂ ਇਸੇ ਤਰ੍ਹਾਂ ਬਣਾਈਆਂ ਗਈਆਂ ਹਨ। ਇਨ੍ਹਾਂ ਵਿੱਚੋਂ ਕਿਸੇ ਵੀ ਵੈਕਸੀਨ ਵਿੱਚ ਮਨੁੱਖੀ ਕੋਸ਼ਿਕਾਵਾਂ (ਭਰੂਣ ਕੋਸ਼ਿਕਾਵਾਂ ਸਮੇਤ), COVID-19 ਵਾਇਰਸ, ਲੇਟੈਕਸ, ਪ੍ਰੀਜ਼ਰਵੇਟਿਵ, ਜਾਂ ਸੂਰ ਦੇ ਮਾਸ ਤੋਂ ਬਣੇ ਉਤਪਾਦਾਂ ਜਾਂ ਜਿਲੈਟਿਨ ਸਮੇਤ ਪਸ਼ੂ ਤੋਂ ਬਣੇ ਕੋਈ ਵੀ ਉਤਪਾਦ ਸ਼ਾਮਲ ਨਹੀਂ ਹਨ। ਵੈਕਸੀਨ ਨੂੰ ਆਂਡਿਆਂ ਵਿੱਚ ਨਹੀਂ ਉਗਾਇਆ ਜਾਂਦਾ ਅਤੇ ਨਾ ਹੀ ਇਨ੍ਹਾਂ ਵਿੱਚ ਆਂਡਿਆਂ ਦਾ ਕੋਈ ਉਤਪਾਦ ਸ਼ਾਮਲ ਹੈ।

Pfizer ਅਤੇ Moderna ਵੈਕਸੀਨ ਦੇ ਟਰਾਇਲਾਂ ਦੌਰਾਨ ਲਗਭਗ 30% ਅਮਰੀਕੀ ਭਾਗੀਦਾਰ ਕਾਲੇ, ਮੂਲ ਨਿਵਾਸੀ, ਜਾਂ ਪਰਵਾਸੀ ਸਨ ਅਤੇ ਤਕਰੀਬਨ ਅੱਧੇ ਵਿਅਸਕ ਬਜ਼ੁਰਗ ਸਨ। Johnson & Johnson ਵੈਕਸੀਨ ਦੇ ਟਰਾਇਲਾਂ ਦੌਰਾਨ ਸਾਰੇ ਭਾਗੀਦਾਰਾਂ ਵਿੱਚੋਂ ਘੱਟੋ-ਘੱਟ 38% ਕਾਲੇ, ਮੂਲ ਨਿਵਾਸੀ, ਜਾਂ ਪਰਵਾਸੀ ਲੋਕ ਸਨ ਅਤੇ ਤਕਰੀਬਨ ਅੱਧੇ ਵਿਅਸਕ ਬਜ਼ੁਰਗ ਸਨ।

ਮੈਡੀਕਲ ਸਥਿਤੀਆਂ

- ਅਧਿਐਨਾਂ ਤੋਂ ਪਤਾ ਲੱਗਿਆ ਹੈ ਕਿ COVID-19 ਦੀਆਂ ਵੈਕਸੀਨਾਂ, ਪਹਿਲਾਂ ਤੋਂ ਬਿਮਾਰੀਆਂ ਨਾਲ ਪੀੜਤ ਲੋਕਾਂ ਲਈ ਸੁਰੱਖਿਅਤ ਅਤੇ ਪ੍ਰਭਾਵੀ ਸਾਬਤ ਹੋਈਆਂ ਹਨ। ਹਰੇਕ ਵੈਕਸੀਨ ਦੇ ਟਰਾਇਲਾਂ ਵਿੱਚ 45% ਭਾਗੀਦਾਰਾਂ ਨੂੰ ਮੋਟਾਪਾ, ਸ਼ੂਗਰ, ਦਿਲ ਦੀ ਬਿਮਾਰੀ, ਲੀਵਰ ਦੀ ਬਿਮਾਰੀ, ਅਤੇ HIV ਵਰਗੀਆਂ ਬਿਮਾਰੀਆਂ ਸਨ।
- ਸਾਡੇ ਕੋਲ ਜਿਹੜੀਆਂ ਵੈਕਸੀਨਾਂ ਹਨ ਉਹ ਜ਼ਿਆਦਾਤਰ ਵਾਇਰਸ ਰੂਪਾਂ ਦੇ ਵਿਰੁੱਧ 90% ਪ੍ਰਭਾਵਸ਼ਾਲੀ ਹਨ, ਅਧਿਐਨ ਦਰਸਾਉਂਦੇ ਹਨ ਕਿ ਜਿਹਨਾਂ ਲੋਕਾਂ ਦੀ ਰੋਗ ਪ੍ਰਤਿਰੋਧਕ ਸ਼ਕਤੀ ਦਰਮਿਆਨੀ ਜਾਂ ਬਹੁਤ ਹੀ ਕਮਜ਼ੋਰ ਹੈ, ਉਹਨਾਂ ਵਿੱਚ ਮਜ਼ਬੂਤ ਇਮਿਊਨੀਟੀ ਵਿਕਸਿਤ ਨਹੀਂ ਹੁੰਦੀ ਹੈ। ਬੂਸਟਰ ਖੁਰਾਕ ਤੋਂ ਪਹਿਲਾਂ, ਇੱਕ ਤੀਜੀ ਅਤਿਰਿਕਤ ਖੁਰਾਕ ਦੀ ਸਿਫਾਰਸ਼ ਉਹਨਾਂ ਲੋਕਾਂ ਲਈ ਕੀਤੀ ਜਾਂਦੀ ਹੈ ਜਿੰਨ੍ਹਾਂ ਵਿੱਚ ਦੋ-ਖੁਰਾਕਾਂ ਦੀ ਲੜੀ ਦੇ ਨਾਲ ਉਚਿਤ ਇਮਿਊਨੀਟੀ ਵਿਕਸਿਤ ਨਹੀਂ ਹੋਈ ਹੈ।
- ਗਰਭਅਵਸਥਾ ਅਤੇ ਜਨਮ ਦੇ ਡਾਕਟਰੀ ਮਾਹਰ ਉਹਨਾਂ ਲੋਕਾਂ ਵਾਸਤੇ COVID-19 ਵੈਕਸੀਨ ਦੀ ਸਿਫਾਰਸ਼ ਕਰਦੇ ਹਨ ਜੋ ਗਰਭਵਤੀ ਹਨ, ਦੁੱਧ ਚੁੰਘਾਉਂਦੇ ਹਨ, ਜਾਂ ਗਰਭਵਤੀ ਹੋਣ ਦੀ ਯੋਜਨਾ ਬਣਾ ਰਹੇ ਹਨ। ਡੇਟਾ ਦਰਸਾਉਂਦਾ ਹੈ ਕਿ ਗਰਭ ਅਵਸਥਾ ਦੌਰਾਨ COVID-19 ਵੈਕਸੀਨ ਸੁਰੱਖਿਅਤ ਹੈ। ਅਸਲ ਵਿੱਚ, ਕੁਝ ਅਧਿਐਨ ਦਰਸਾਉਂਦੇ ਹਨ ਕਿ ਜਿਹਨਾਂ ਮਾਪਿਆਂ ਨੇ ਵੈਕਸੀਨ ਲਗਵਾ ਲਈ ਹੈ, ਉਹ ਗਰਭ ਅਵਸਥਾ ਅਤੇ ਦੁੱਧ ਚੁੰਘਾਉਣ ਦੌਰਾਨ ਆਪਣੇ ਬੱਚੇ ਨੂੰ ਵੀ COVID-19 ਪ੍ਰਤੀ ਐਂਟੀਬਾਡੀਜ਼ ਭੇਜ ਸਕਦੇ ਹਨ। ਗਰਭਵਤੀ ਔਰਤਾਂ ਨੂੰ COVID-19 ਕਾਰਨ ਗੰਭੀਰ ਰੂਪ ਵਿੱਚ ਬਿਮਾਰ ਹੋਣ ਦਾ ਖਤਰਾ ਹੁੰਦਾ ਹੈ, ਜਿਸ ਕਾਰਨ ਮੌਤ ਵੀ ਹੋ ਸਕਦੀ ਹੈ। ਇਸ ਲਈ ਵੈਕਸੀਨ ਸਭ ਤੋਂ ਵਧੀਆ ਸੁਰੱਖਿਆ ਹੈ।

Washington State Department of Health

DOH 348-799 October 2022 Punjabi

ਕਿਸੇ ਹੋਰ ਫਾਰਮੈਟ ਵਿੱਚ ਇਸ ਦਸਤਾਵੇਜ਼ ਲਈ ਬੇਨਤੀ ਕਰਨ ਵਾਸਤੇ, 1-800-525-0127 'ਤੇ ਕਾਲ ਕਰੋ। ਬਹਿਰੇ ਗਾਹਕ ਜਾਂ ਜਿੰਨ੍ਹਾਂ ਗਾਹਕਾਂ ਨੂੰ ਉੱਚਾ ਸੁਣਦਾ ਹੈ, ਉਹ ਕਿਰਪਾ ਕਰਕੇ 711 (Washington Relay) 'ਤੇ ਕਾਲ ਕਰੋ ਜਾਂ civil.rights@doh.wa.gov 'ਤੇ ਈਮੇਲ ਕਰੋ।